بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob: +919682536974, E-Mail: ansarullah@qadian.in ਮੁਹੱਲਾ ਅਹਮਦਿੱਯਾ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

ਸੰਤੋਖ, ਸਾਦਗੀ ਅਤੇ ਮਿਸਕੀਨੀ ਦੀ ਰੌਸ਼ਨੀ ਵਿੱਚ ਹਜ़रत ਮੁਹੱਮਦ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੀ ਸੀਰਤ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ़रत ਮਿਰਜ਼ਾ ਮਸਰੂਰ ਅਹਮਦ ਖ਼ਲੀਫ਼ਤੁਲ੍-ਮਸੀਹ੍ ਅਲ੍-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 30 ਅਕਤੂਬਰ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ़ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ: ਆਂਹਜ़ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੀ ਸਾਦੀ ਜ਼ਿੰਦਗੀ ਅਤੇ ਸਾਦੇ ਰਹਿਣ-ਸਹਿਣ ਬਾਰੇ ਜ਼ਿਕਰ ਹੋ ਰਿਹਾ ਸੀ। ਪਿਛਲੇ ਹਫ਼ਤੇ ਇਸ ਸਿਲਸਿਲੇ ਵਿੱਚ ਆਪ ﷺ ਦੇ ਖਾਣ-ਪੀਣ ਵਿੱਚ ਸਾਦਗੀ ਅਤੇ ਖਾਣ-ਪੀਣ ਦੇ ਤਰੀਕ਼ੇ ਬਾਰੇ ਬਿਆਨ ਕੀਤਾ ਸੀ ਅਤੇ ਇਹ ਕਿ ਆਪ ﷺ ਦੇ ਸਾਦੇ ਰਹਿਣ-ਸਹਿਣ ਦਾ ਕੀ ਮਿਆਰ ਸੀ।

ਹਜ़ਰਤ ਮੁਸਲਿਹ ਮੌਊਦ ਰਜ਼ਿਯੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਆਪ ﷺ ਦੀ ਹਰ ਇੱਕ ਕਰਨੀ ਆਪਣੇ ਅੰਦਰ ਇੱਕ **ਸਾਦਗੀ** ਅਤੇ **ਬੇ-ਤਕੱਲੁਫ਼ੀ** ਦਾ ਰੰਗ ਰੱਖਦੀ ਸੀ। ਜਿਹੜੇ ਲੋਕ ਉਮਦਾ ਖਾਣੇ ਦੇ ਆਦੀ ਹਨ, ਉਹ ਤਾਂ ਖ਼ਿਆਲ ਕਰਦੇ ਹੋਣਗੇ ਕਿ ਆਪ ﷺ ਉਮਦਾ-ਉਮਦਾ ਖਾਂਦੇ ਹੋਣਗੇ ਅਤੇ ਸ਼ਾਹੀ ਖਾਣਾ ਆਪ ﷺ ਦੇ ਅੱਗੇ ਵਿਛਦਾ ਹੋਵੇਗਾ, ਪਰ ਉਹ ਮਾਲੂਮ ਕਰ ਕੇ ਹੈਰਾਨ ਹੋਣਗੇ ਕਿ ਵਾਕ਼ਿਆਤ ਇਸ ਦੇ ਉਲਟ ਸਨ। ਜੇਕਰ ਇੱਕ ਪਾਸੇ ਆਪ ﷺ ਸਾਦਗੀ ਦਾ ਕਾਮਿਲ ਨਮੂਨਾ ਸਨ ਤਾਂ ਦੂਜੇ ਪਾਸੇ ਸਾਦੀ ਜ਼ਿੰਦਗੀ ਵਿੱਚ ਵੀ ਆਪ ﷺ ਦੁਨੀਆ ਲਈ ਨਮੂਨਾ ਸਨ।

ਹਜ़ੂਰ ਅਨਵਰ ਨੇ ਫ਼ਰਮਾਇਆ: ਹਜ़ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਨੇ ਆਪਣੇ ਭਾਣਜੇ ਹਜ़ਰਤ ਉਰਵ੍ਹ ਰਜ਼ਿਯੱਲਾਹੁ ਅਨਹੁ ਨੂੰ ਫ਼ਰਮਾਇਆ ਕਿ ਐ ਮੇਰੇ ਭਾਣਜੇ! ਅਸੀਂ ਲੋਕ ਤਾਂ ਇੱਕ **ਹਿਲਾਲ** (ਨਵੇਂ ਚੰਨ) ਤੋਂ ਬਾਅਦ ਦੂਜਾ **ਹਿਲਾਲ** (ਨਵਾਂ ਚੰਨ) ਦੇਖਿਆ ਕਰਦੇ ਸਾਂ, ਇੱਥੋਂ ਤੱਕ ਕਿ ਤਿੰਨ ਹਿਲਾਲ ਦੇਖ ਲੈਂਦੇ। ਯਾਨੀ ਚੰਨ ਦੇ ਦੋ ਮਹੀਨੇ ਲੰਘ ਜਾਂਦੇ ਅਤੇ ਆਪ ﷺ ਦੇ ਘਰ ਵਿੱਚ ਅੱਗ ਨਾ ਬਲ਼ਦੀ। ਸਵਾਲ ਕਰਨ ਵਾਲ਼ੇ ਨੇ ਪੁੱਛਿਆ ਕਿ ਫਿਰ ਆਪ ﷺ ਕੀ ਖਾਂਦੇ ਸਨ? ਹਜ़ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਨੇ ਫ਼ਰਮਾਇਆ ਕਿ ਖਜੂਰਾਂ ਅਤੇ ਪਾਣੀ ਪੀ ਕੇ ਗੁਜ਼ਾਰਾ ਕਰਿਆ ਕਰਦੇ ਸਨ ਅਤੇ ਅਨਸਾਰ ਗੁਆਂਢੀ ਬੱਕਰੀਆਂ ਦਾ ਦੁੱਧ ਭਿਜਵਾਇਆ ਕਰਦੇ ਸਨ।

ਅੱਲਾਹ ਅੱਲਾਹ! ਕਿਹੋ ਜਿਹੀ ਸਾਦੀ ਜ਼ਿੰਦਗੀ ਹੈ ਕਿ ਦੋ-ਦੋ ਮਹੀਨੇ ਤੱਕ ਅੱਗ ਹੀ ਨਹੀਂ ਬਲ਼ਦੀ ਅਤੇ ਸਿਰਫ਼ ਖਜੂਰਾਂ, ਪਾਣੀ ਅਤੇ ਦੁੱਧ ਉੱਤੇ ਗੁਜ਼ਾਰਾ ਹੁੰਦਾ ਹੈ। ਇਸ ਇਤਿਹਾਸ ਨੂੰ ਦੇਖ ਕੇ ਮੁਸਲਮਾਨਾਂ ਨੂੰ **ਸ਼ਰਮਿੰਦਾ** ਹੋਣਾ ਚਾਹੀਦਾ ਹੈ। ਮੁਸਲਮਾਨਾਂ ਵਿੱਚ ਵੀ ਕੁੱਝ ਅਜਿਹੇ ਅਮੀਰ ਲੋਕ ਹਨ, ਜੋ ਅੱਜ-ਕੱਲ ਇਸੇ ਖਾਣ-ਪੀਣ ਦੀ ਬਿਮਾਰੀ ਵਿੱਚ ਗਿਰਫ਼ਤਾਰ ਹਨ। ਉਨ੍ਹਾਂ ਦੀ ਦੇਖਾ-ਦੇਖੀ ਘੱਟ ਹੈਸੀਅਤ ਵਾਲ਼ੇ ਲੋਕ ਵੀ ਵੱਧ ਖ਼ਰਚ ਕਰਨ ਦੀ ਕੋਸ਼ਿਸ਼ ਕਰਦੇ ਹਨ। ਹਜ़ਰਤ ਮੁਸਲਿਹ ਮੌਊਦ ਰਜ਼ਿਯੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਮੁਸਲਮਾਨਾਂ ਦਾ ਪੈਸਾ ਖਾਣ-ਪੀਣ ਵਿੱਚ ਬਹੁਤ ਜ਼ਿਆਦਾ ਖ਼ਰਚ ਹੋ ਜਾਂਦਾ ਹੈ ਅਤੇ ਉਹ **ਕ਼ਰਜ਼ਾਈ** ਰਹਿੰਦੇ ਹਨ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ-ਕੱਲ ਮੰਗਾਂ ਵਧਦੀਆਂ ਜਾ ਰਹੀਆਂ ਹਨ ਕਿ ਸਾਡੇ ਖਾਣ-ਪੀਣ ਦੇ ਮਿਆਰ ਚੰਗੇ ਨਹੀਂ ਹਨ। ਹਾਲਾਂਕਿ ਜੋ ਵੀ **ਆਮਦਨ** ਹੋਵੇ, ਉਸੇ ਵਿੱਚ **ਗੁਜ਼ਾਰਾ** ਕਰਨਾ ਚਾਹੀਦਾ ਹੈ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਪ ﷺ ਜੇਕਰ ਇੱਕ ਪਾਸੇ ਸਾਦਗੀ ਦਾ ਨਮੂਨਾ ਸਨ ਤਾਂ ਦੂਜੇ ਪਾਸੇ ਸਨਿਆਸ ਨੂੰ ਵੀ ਨਾ-ਪਸੰਦ ਫ਼ਰਮਾਉਂਦੇ ਸਨ। ਜੇਕਰ ਵਧੀਆ ਤੋਂ ਵਧੀਆ ਭੋਜਨ ਵੀ ਪੇਸ਼ ਕੀਤਾ ਜਾਂਦਾ ਤਾਂ ਉਸ ਨੂੰ ਵੀ ਵਰਤਦੇ ਸਨ। ਇਹ ਨਹੀਂ ਸੀ ਕਿ ਜੀਅ ਮਾਰਨ ਦੇ ਲਿਹਾਜ਼ ਨਾਲ਼ ਖਾਣੇ ਤੋਂ ਇਨਕਾਰ ਕਰ ਦਿੰਦੇ। ਇਹੋ ਮਿਆਰ ਆਪ ﷺ ਨੂੰ ਦੂਜਿਆਂ ਉੱਤੇ ਫ਼ਜ਼ੀਲਤ ਦਿੰਦਾ ਹੈ, ਕਿਉਂਕਿ ਆਪ ﷺ ਸਾਰੀ ਦੁਨੀਆ ਲਈ ਆਏ ਸਨ ਨਾ ਕਿ ਕਿਸੇ ਖ਼ਾਸ ਗਿਰੋਹ ਲਈ। ਇਸ ਲਈ ਆਪ ﷺ ਦਾ **ਕਾਮਿਲ** ਹੋਣਾ ਲਾਜ਼ਮੀ ਸੀ। ਇੱਕ ਪਾਸੇ ਆਪ ﷺ ਸਾਦੀ ਜ਼ਿੰਦਗੀ ਵਿੱਚ ਕਮਾਲ ਰੱਖਦੇ ਸਨ ਅਤੇ ਦੂਜੇ ਪਾਸੇ **ਤੱਯਬ** (ਪਾਕ ਪਵਿੱਤਰ) ਚੀਜ਼ਾਂ ਦੇ ਇਸਤੇਮਾਲ ਤੋਂ ਪਰਹੇਜ਼ ਨਹੀਂ ਫ਼ਰਮਾਉਂਦੇ ਸਨ। ਪਰ ਆਮ ਤੌਰ 'ਤੇ ਆਪ ﷺ ਦਾ ਗੁਜ਼ਾਰਾ ਸਾਦੀ ਜ਼ਿੰਦਗੀ ਉੱਤੇ ਹੁੰਦਾ ਸੀ ਅਤੇ ਖਾਣਾ ਇਸ ਲਈ ਖਾਂਦੇ ਸਨ ਕਿ ਜ਼ਿੰਦਗੀ ਦਾ ਸਿਲਸਿਲਾ ਕ਼ਾਇਮ ਰਹੇ ਅਤੇ ਕੰਮ ਕਰਨ ਦੀ ਤਾਕ਼ਤ ਪੈਦਾ ਹੁੰਦੀ ਰਹੇ।

ਆਪ ﷺ ਨੇ ਆਪਣੀ ਜ਼ਿੰਦਗੀ ਵਿੱਚ ਇਹ ਨਮੂਨਾ ਵੀ ਦਿਖਾ ਦਿੱਤਾ ਕਿ ਹਰ ਕ਼ਿਸਮ ਦੇ ਵਧੀਆ ਤੋਂ ਵਧੀਆ ਖਾਣੇ ਵੀ ਵਰਤੋਂ ਵਿੱਚ ਲਿਆਂਦੇ ਅਤੇ ਦੂਜੇ ਪਾਸੇ ਸਾਦੀ ਜ਼ਿੰਦਗੀ ਰਾਹੀਂ ਸਾਡੇ ਅਮੀਰਾਂ ਲਈ ਵੀ ਨਮੂਨਾ ਕ਼ਾਇਮ ਕਰ ਦਿੱਤਾ, ਜਿਨ੍ਹਾਂ ਦੀ ਜ਼ਿੰਦਗੀ ਦਾ ਆਖ਼ਰੀ ਮਕ਼ਸਦ ਵਧੀਆ ਖ਼ੁਰਾਕ ਅਤੇ ਪੋਸ਼ਾਕ ਹੁੰਦਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਚੰਗਾ ਖਾਣਾ ਖਾਣ ਦੇ ਸਬੰਧ ਵਿੱਚ ਇੱਕ ਰਿਵਾਇਤ ਹੈ ਕਿ ਆਪ ﷺ ਬੱਕਰੀ ਦੇ ਮੋਢੇ ਦਾ **ਗੋਸ਼ਤ** ਖਾ ਰਹੇ ਸਨ। ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ ਕਿ ਆਪ ﷺ ਨੇ **ਛੁਰੀ** ਨਾਲ਼ ਗੋਸ਼ਤ ਕੱਟ ਕੇ ਖਾਧਾ ਅਤੇ ਇਹ ਅਮਲ ਇਸ ਲਈ ਕੀਤਾ ਕਿ ਉੱਮਤ ਨੂੰ ਤਕਲੀਫ਼ ਨਾ ਹੋਵੇ। ਜਾਇਜ਼ ਲੋੜਾਂ ਦੇ ਮੱਦਿਨਜ਼ਰ ਇਸ ਤਰ੍ਹਾਂ ਖਾਣਾ ਜਾਇਜ਼ ਹੈ, ਪਰ ਇਸ ਦਾ ਪਾਬੰਦ ਹੋਣਾ, ਤਕੱਲੁਫ਼ ਕਰਨਾ ਅਤੇ ਦੂਜੇ ਤਰੀਕ਼ਿਆਂ ਨੂੰ ਹੀਣਾ ਸਮਝਣਾ ਮਨ੍ਹਾ ਹੈ। ਜੇਕਰ ਦੂਜੀਆਂ ਕ਼ੌਮਾਂ ਦੀ ਪੈਰਵੀ ਕਰਨ ਲੱਗ ਪਈਏ ਤਾਂ ਇਨਸਾਨ **ਪਕਵੀਜ਼ਗੀ** ਵੀ ਛੱਡ ਦਿੰਦਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਮ੍ ਕਈ ਵਾਰ ਕੰਮ ਕਰਦੇ ਹੋਏ ਮੇਜ਼ ਉੱਤੇ ਵੀ ਖਾ ਲੈਂਦੇ ਸਨ ਅਤੇ ਜ਼ਮੀਨ ਉੱਤੇ ਬੈਠ ਕੇ ਵੀ ਖਾ ਲੈਂਦੇ ਸਨ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਪ ﷺ ਦੇ **ਨਿਕਾਹ** ਅਤੇ **ਵਲੀਮੇ** ਦੇ ਬਾਰੇ ਇਹ ਰਿਵਾਇਤ ਮਿਲ਼ਦੀ ਹੈ ਕਿ ਨਬੀ ਕਰੀਮ ﷺ ਨੇ ਹਜ਼ਰਤ ਸਫ਼ਿਯ੍ਹ ਰਜ਼ਿਯੱਲਾਹੁ ਅਨਹਾ ਨੂੰ ਆਜ਼ਾਦ ਕਰ ਦਿੱਤਾ ਅਤੇ ਉਨ੍ਹਾਂ ਨਾਲ਼ ਨਿਕਾਹ ਕਰ ਲਿਆ। ਉਨ੍ਹਾਂ ਦੀ ਆਜ਼ਾਦੀ ਹੀ ਉਨ੍ਹਾਂ ਦਾ **ਮਹਿਰ** ਸੀ। ਇਸੇ ਸਫ਼ਰ ਦੇ ਦੌਰਾਨ ਨਬੀ ਕਰੀਮ ﷺ ਨੇ ਸਵੇਰ ਦੇ ਸਮੇਂ ਦਸਤਰਖ਼ਾਨ ਵਿਛਾ ਦਿੱਤਾ ਅਤੇ ਸਾਰਿਆਂ ਨੂੰ ਕਿਹਾ ਕਿ ਜਿਸ ਕੋਲ਼ ਜੋ ਵੀ ਹੈ, ਉਹ ਲੈ ਆਵੇ। ਕੋਈ ਖਜੂਰਾਂ ਲੈ ਆਇਆ, ਕੋਈ ਘਿਓ ਅਤੇ ਕੋਈ ਸੱਤੂ। ਫਿਰ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਰਲ਼ਾ ਕੇ ਆਪਸ ਵਿੱਚ ਗੁੰਨ੍ਹ ਦਿੱਤਾ ਅਤੇ ਇਹੋ ਨਬੀ ਕਰੀਮ ﷺ ਦਾ **ਵਲੀਮਾ** ਸੀ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਪ ﷺ ਹਰ ਇੱਕ ਦੀ ਦਾਅਵਤ ਕ਼ਬੂਲ ਫ਼ਰਮਾਇਆ ਕਰਦੇ ਸਨ। ਹਜ਼ਰਤ ਅਨਸ ਰਜ਼ਿਯੱਲਾਹੁ ਅਨਹੁ ਰਿਵਾਇਤ ਕਰਦੇ ਹਨ ਕਿ ਇੱਕ ਦਰਜ਼ੀ ਨੇ ਨਬੀ ਕਰੀਮ ﷺ ਨੂੰ ਦਾਅਵਤ ਦਿੱਤੀ। ਉਹ ਕਹਿੰਦੇ ਹਨ ਕਿ ਮੈਂ ਵੀ ਨਬੀ ਕਰੀਮ ﷺ ਦੇ ਨਾਲ਼ ਦਾਅਵਤ ਵਿੱਚ ਗਿਆ। ਉਸ ਨੇ ਨਬੀ ਕਰੀਮ ﷺ ਦੀ ਖ਼ਿਦਮਤ ਵਿੱਚ ਜੌਂ ਦੀ ਰੋਟੀ ਅਤੇ ਤਰੀ ਪੇਸ਼ ਕੀਤੀ, ਜਿਸ ਵਿੱਚ **ਕੱਦੂ** ਅਤੇ ਸੁੱਕੇ **ਗੋਸ਼ਤ** ਦੇ ਟੁਕੜੇ ਸਨ। ਹਜ਼ਰਤ ਅਨਸ ਰਜ਼ਿਯੱਲਾਹੁ ਅਨਹੁ ਕਹਿੰਦੇ ਹਨ ਕਿ ਮੈਂ ਦੇਖਿਆ ਕਿ ਆਪ ﷺ ਪਿਆਲੇ ਦੇ ਕਿਨਾਰਿਆਂ ਤੋਂ ਕੱਦੂ ਚੁਣ-ਚੁਣ ਕੇ ਖਾ ਰਹੇ ਸਨ। ਉਸ ਦਿਨ ਤੋਂ ਮੈਂ ਵੀ ਕੱਦੂ ਪਸੰਦ ਕਰਨ ਲੱਗ ਪਿਆ।

ਹਜ਼ਰਤ ਮੁਸਲਿਹ ਮੌਊਦ ਰਜ਼ਿਯੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ **ਕੱਦੂ** ਆਪ ﷺ ਨੂੰ ਬਹੁਤ ਪਸੰਦ ਸਨ। ਫਿਰ ਉਹ ਸਮਾਂ ਵੀ ਆਇਆ ਜਦੋਂ ਆਪ ﷺ ਨੂੰ ਖਾਣਾ ਨਸੀਬ ਨਾ ਹੋਇਆ। ਉਹ ਵਿਅਕਤੀ **ਮੂਰਖ** ਹੈ ਜੋ ਕਹਿੰਦਾ ਹੈ ਕਿ ਮੁਹੱਮਦ ਰਸੂਲੁੱਲਾਹ ﷺ ਨੇ ਉਮਦਾ ਗੋਸ਼ਤ ਕਿਉਂ ਖਾਧਾ, ਮੁਹੱਮਦ ਰਸੂਲੁੱਲਾਹ ﷺ ਨੇ ਉਮਦਾ ਅਤੇ ਸ਼ਾਹੀ ਸ਼ਰਬਤ ਕਿਉਂ ਪੀਤੇ ਅਤੇ ਉਮਦਾ ਚੀਜ਼ਾਂ ਕਿਉਂ ਖਾਧੀਆਂ। ਕਿਉਂਕਿ ਉਹ ਇਹ ਨਹੀਂ ਦੇਖਦਾ ਕਿ ਹਜ਼ਰਤ ਮੁਹੱਮਦ

ਰਸੂਲੁੱਲਾਹ ﷺ ਨੇ ਫ਼ਾਕ਼ੇ ਵੀ ਕੀਤੇ ਅਤੇ ਆਪਣੇ ਢਿੱਡ ਉੱਤੇ ਪਟਕੇ ਵੀ ਬੰਨ੍ਹੇ। ਅਜਿਹੇ ਦਿਨ ਵੀ ਆਪ ﷺ ਉੱਤੇ ਆਏ ਕਿ ਇੱਕ ਫ਼ਕ਼ੀਰ ਔਰਤ ਆਪ ﷺ ਦੇ ਘਰ ਮੰਗਣ ਆਈ ਤਾਂ ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਫ਼ਰਮਾਉਂਦੇ ਹਨ ਕਿ ਉਸ ਦਿਨ ਸਾਡੇ ਘਰ ਕੁੱਝ ਵੀ ਨਹੀਂ ਸੀ ਅਤੇ ਭਾਲ਼ ਕਰਨ ਉੱਤੇ ਸਿਰਫ਼ ਇੱਕ **ਖਜੂਰ** ਮਿਲ਼ੀ। ਉਸ ਔਰਤ ਨੇ ਉਸ ਖਜੂਰ ਦੇ ਦੋ ਟੁਕੜੇ ਕੀਤੇ ਅਤੇ ਆਪਣੀਆਂ ਦੋਵੇਂ ਧੀਆਂ ਨੂੰ ਦੇ ਦਿੱਤੇ। ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਨੇ ਇਸ ਵਾਕ਼ੇ ਦਾ ਜ਼ਿਕਰ ਆਪ ﷺ ਨਾਲ਼ ਕੀਤਾ। ਆਪ ﷺ ਨੇ ਫ਼ਰਮਾਇਆ ਕਿ ਜੇਕਰ ਕਿਸੇ ਦੇ ਘਰ ਦੋ **ਧੀਆਂ** ਹੋਣ ਅਤੇ ਉਹ ਉਨ੍ਹਾਂ ਦੀ ਚੰਗੀ ਪਰਵਰਿਸ਼ ਕਰੇ ਤਾਂ ਅੱਲਾਹ ਉਸ ਉੱਤੇ ਜੱਨਤ ਵਾਜਿਬ ਕਰ ਦਿੰਦਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜਦੋਂ ਕੋਈ ਨਬੀ ਕਰੀਮ ﷺ ਦੀ ਸੀਰਤ ਸੁਣਦਾ ਜਾਂ ਪੜ੍ਹਦਾ ਹੈ ਤਾਂ ਉਸ ਵਿੱਚ ਬਿਆਨ ਕੀਤੀ ਗਏ ਹਰ ਵਾਕ਼ੇ ਵਿੱਚ **ਤਰਬੀਅਤ**, **ਹਿਕਮਤ** ਅਤੇ **ਨਸੀਹਤ** ਦੇ ਕਈ ਪਹਿਲੂ ਨਜ਼ਰ ਆਉਂਦੇ ਹਨ ਅਤੇ ਇਹੋ ਕੁੱਝ ਸਾਨੂੰ ਇਸ ਰਿਵਾਇਤ ਵਿੱਚ ਵੀ ਨਜ਼ਰ ਆਉਂਦਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ **"ਦੀਬਾਚਾ ਤਫ਼ਸੀਰੁਲ ਕ਼ੁਰਆਨ"** ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ਿਯੱਲਾਹੁ ਅਨਹੁ ਸੀਰਤਿ ਨਬਵੀ ﷺ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਖਾਣ-ਪੀਣ ਵਿੱਚ ਆਪ ﷺ ਸਾਦਗੀ ਦਾ ਧਿਆਨ ਰੱਖਦੇ ਸਨ। ਕਦੀ ਨਮਕ ਵੱਧ ਹੋ ਜਾਵੇ ਜਾਂ ਘੱਟ ਹੋਵੇ ਜਾਂ ਖਾਣਾ ਖ਼ਰਾਬ ਪੱਕਿਆ ਹੋਵੇ ਤਾਂ ਕਦੀ **ਨਾਰਾਜ਼ਗੀ** ਦਾ ਇਜ਼ਹਾਰ ਨਹੀਂ ਕਰਦੇ ਸਨ। ਜਿੱਥੋਂ ਤੱਕ ਮੁਮਕਿਨ ਹੁੰਦਾ ਅਜਿਹਾ ਖਾਣਾ ਖਾ ਕੇ, ਖਾਣਾ ਪਕਾਉਣ ਵਾਲ਼ੇ ਦਾ ਦਿਲ ਦੁਖਣ ਤੋਂ ਬਚਾ ਕੇ ਰੱਖਦੇ ਅਤੇ ਜੇਕਰ ਪਸੰਦ ਨਾ ਆਉਂਦਾ ਤਾਂ ਖਾਣ ਤੋਂ ਹੱਥ ਰੋਕ ਲੈਂਦੇ, ਪਰ ਜ਼ਾਹਿਰ ਨਹੀਂ ਕਰਦੇ ਸਨ। ਜਦੋਂ ਕੋਈ ਚੀਜ਼ ਆਉਂਦੀ ਤਾਂ ਸਹਾਬਾ ਰਜ਼ਿਯੱਲਾਹੁ ਅਨਹੁਮ੍ ਵਿੱਚ ਵੰਡ ਕੇ ਖਾਂਦੇ ਸਨ। ਇੱਕ ਵਾਰ ਖਜੂਰਾਂ ਆਈਆਂ ਤਾਂ ਸਹਾਬਾ ਰਜ਼ਿਯੱਲਾਹੁ ਅਨਹੁਮ੍ ਵਿੱਚ ਸੱਤ-ਸੱਤ ਖਜੂਰਾਂ ਵੰਡ ਦਿੱਤੀਆਂ।

ਹਜ਼ਰਤ ਆਇਸ਼ਾ ਰਜ਼ਿਯੱਲਾਹੁ ਅਨਹਾ ਬਿਆਨ ਫ਼ਰਮਾਉਂਦੇ ਹਨ ਕਿ ਮੈਂ ਨਬੀ ਕਰੀਮ ﷺ ਨੂੰ ਕਦੇ **ਗਾਲ਼** ਕੱਢਦੇ ਹੋਏ ਨਹੀਂ ਦੇਖਿਆ ਅਤੇ ਨਾ ਹੀ ਆਪ ﷺ ਲਈ ਕਦੀ ਕੋਈ ਕੱਪੜਾ **ਤਹਿ** ਕੀਤਾ ਗਿਆ। ਯਾਨੀ ਇੱਕ ਹੀ ਜੋੜਾ ਹੁੰਦਾ ਸੀ, ਕੋਈ ਦੂਜਾ ਨਹੀਂ ਸੀ, ਜਿਸ ਨੂੰ ਤਹਿ ਕਰ ਕੇ ਰੱਖਿਆ ਜਾਂਦਾ। ਜਦੋਂ ਕੱਪੜੇ ਧੋਣੇ ਜ਼ਰੂਰੀ ਹੁੰਦੇ ਤਾਂ ਉਸੇ ਤਰ੍ਹਾਂ ਧੋ ਕੇ ਬਾਹਰ ਤਸ਼ਰੀਫ਼ ਲੈ ਜਾਂਦੇ ਕਿ ਪਾਣੀ ਦਾ ਨਿਸ਼ਾਨ ਵੀ ਉਨ੍ਹਾਂ ਉੱਤੇ ਨਜ਼ਰ ਆਉਂਦਾ ਸੀ।

ਇਹ ਸਾਦਗੀ ਦਾ ਉਹ ਨਮੂਨਾ ਹੈ ਜੋ ਕੋਈ ਹੈਸੀਅਤ ਵਾਲ਼ਾ ਵਿਅਕਤੀ ਨਾ ਦਿਖਾ ਸਕਦਾ ਹੈ ਅਤੇ ਨਾ ਹੀ ਕਦੀ ਕਿਸੇ ਨੇ ਦਿਖਾਇਆ ਹੈ। ਹਜ਼ਰਤ ਇਬਨਿ ਉਮਰ ਰਜ਼ਿਯੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਹਜ਼ਰਤ ਉਮਰ ਰਜ਼ਿਯੱਲਾਹੁ ਅਨਹੁ ਨੇ ਅਤਾਰਦ ਤਮੀਮੀ ਨੂੰ ਬਾਜ਼ਾਰ ਵਿੱਚ ਧਾਰੀਆਂ ਵਾਲ਼ਾ **ਰੇਸ਼ਮੀ** ਕੱਪੜਾ ਵੇਚਦੇ ਹੋਏ ਦੇਖਿਆ। ਉਹ ਵਿਅਕਤੀ ਬਾਦਸ਼ਾਹਾਂ ਕੋਲ਼ ਜਾ ਕੇ ਇਨਾਮ ਹਾਸਿਲ ਕਰਦਾ ਸੀ। ਇਸ 'ਤੇ ਹਜ਼ਰਤ ਉਮਰ ਰਜ਼ਿਯੱਲਾਹੁ ਅਨਹੁ ਨੇ ਅਰਜ਼ ਕੀਤਾ, ਐ ਅੱਲਾਹ ਦੇ ਰਸੂਲ! ਮੈਂ ਅਤਾਰਦ ਨੂੰ ਅਜਿਹਾ ਕੱਪੜਾ ਵੇਚਦੇ ਹੋਏ ਦੇਖਿਆ ਹੈ। ਜਦੋਂ ਕੋਈ ਵਫ਼ਦ ਆਪ ﷺ ਦੇ ਸਾਹਮਣੇ ਹਾਜ਼ਿਰ ਹੋਵੇ ਤਾਂ ਆਪ ﷺ ਇਹ ਕੱਪੜਾ ਪਹਿਨ ਲਿਆ ਕਰਨ, ਇਸ ਦਾ ਚੰਗਾ ਅਸਰ ਹੋਵੇਗਾ ਜਾਂ ਅਰਜ਼ ਕੀਤਾ ਕਿ ਜੁਮਏ ਦੇ ਦਿਨ ਪਹਿਨ ਲਿਆ ਕਰਨ। ਨਬੀ ਕਰੀਮ ﷺ ਨੇ ਫ਼ਰਮਾਇਆ ਕਿ ਇਸ ਦੁਨੀਆ ਵਿੱਚ **ਰੇਸ਼ਮ** ਉਹੀ ਪਹਿਨਦਾ ਹੈ ਜਿਸ ਦਾ ਆਖ਼ਿਰਤ ਵਿੱਚ ਕੋਈ ਹਿੱਸਾ ਨਹੀਂ।

ਇਨ੍ਹਾਂ ਵਾਕ਼ਿਆਤ ਦਾ ਜ਼ਿਕਰ ਕਰਨ ਤੋਂ ਬਾਅਦ ਹਜ਼ਰਤ ਮੁਸਲਿਹ ਮੌਊਦ ਰਜ਼ਿਯੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ **ਲਿਬਾਸ** ਵਿੱਚ ਨਬੀ ਕਰੀਮ ﷺ ਇਸ ਕ਼ਦਰ ਸਾਦਗੀ ਵਰਤਦੇ ਸਨ ਕਿ ਦਰਅਸਲ ਇਹ ਹਾਲਾਤ ਪੜ੍ਹ ਕੇ ਮੈਨੂੰ ਸ਼ਰਮ ਆਉਂਦੀ ਹੈ। ਬੇ-ਸ਼ੱਕ ਹੁਣ ਹਾਲਾਤ ਬਦਲ ਗਏ ਹਨ ਪਰ ਫਿਰ ਵੀ ਇਹ ਵਾਕ਼ਿਆਤ ਪੜ੍ਹ ਕੇ ਸ਼ਰਮ ਆ ਜਾਂਦੀ ਹੈ। ਜੇਕਰ ਲਿਬਾਸ ਦੇ ਫ਼ਰਕ਼ ਨੂੰ ਕੱਢ ਵੀ ਦੇਈਏ ਤਾਂ ਵੀ ਨਬੀ ਕਰੀਮ ﷺ ਦੀ ਜ਼ਿੰਦਗੀ ਬਹੁਤ ਸਾਦੀ ਸੀ ਅਤੇ ਇਸ ਤੋਂ ਬਿਨਾ ਦੁਨੀਆ ਦੀ ਤਰੱਕ਼ੀ ਦਾ ਕੋਈ ਸਾਮਾਨ ਮੁਹੱਈਆ ਨਹੀਂ ਹੋ ਸਕਦਾ ਸੀ।

ਹਜ਼ਰਤ ਸਮਰ੍ਹ ਬਿਨ ਜੁੰਦਬ ਰਜ਼ਿਯੱਲਾਹੁ ਅਨਹੁ ਨੇ ਬਿਆਨ ਕੀਤਾ ਕਿ ਨਬੀ ਕਰੀਮ ﷺ ਨੇ ਫ਼ਰਮਾਇਆ ਕਿ **ਚਿੱਟੇ** ਕੱਪੜੇ ਪਹਿਨੋ, ਕਿਉਂਕਿ ਇਹ ਵਧੇਰੇ ਪਾਕੀਜ਼ਾ ਅਤੇ ਵਧੇਰੇ ਉਮਦਾ ਹਨ ਅਤੇ ਆਪਣੇ ਮੁਰਦਿਆਂ ਨੂੰ ਵੀ ਇਨ੍ਹਾਂ ਵਿੱਚ ਕਫ਼ਨ ਦਿਓ।

ਇੱਕ ਰਿਵਾਇਤ ਵਿੱਚ ਹੈ ਕਿ ਨਬੀ ਕਰੀਮ ﷺ ਨੇ ਫ਼ਰਮਾਇਆ ਕਿ ਕਿਸੇ ਵਿਅਕਤੀ ਨੇ ਢਿੱਡ ਤੋਂ ਵੱਧ ਕੋਈ ਬੁਰਾ **ਭਾਂਡਾ** ਨਹੀਂ ਭਰਿਆ। ਇਬਨਿ ਆਦਮ (ਆਦਮ ਦੀ ਔਲਾਦ) ਲਈ ਕੁੱਝ **ਬੁਰਕੀਆਂ** ਹੀ ਕਾਫ਼ੀ ਹਨ, ਜੋ ਉਸ ਦੇ ਲੱਕ ਨੂੰ ਸਿੱਧਾ ਰੱਖਣ। ਯਾਨੀ ਢਿੱਡ ਵੀ ਇੱਕ ਭਾਂਡਾ ਹੈ, ਇਸ ਨੂੰ ਜਿੰਨਾ ਭਰਦੇ ਜਾਓਗੇ, ਇਸ ਵਿੱਚ ਓਨੀ ਹੀ ਖ਼ਰਾਬੀ ਪੈਦਾ ਹੁੰਦੀ ਜਾਵੇਗੀ। ਫ਼ਰਮਾਇਆ ਕਿ ਇੱਕ ਤਿਹਾਈ ਹਿੱਸਾ **ਖਾਣੇ** ਲਈ ਰੱਖੋ, ਇੱਕ ਤਿਹਾਈ **ਪਾਣੀ** ਲਈ ਹੈ ਅਤੇ ਇੱਕ ਤਿਹਾਈ **ਸਾਹ** ਲੈਣ ਲਈ ਰੱਖੋ। ਯਾਨੀ ਭੁੱਖ ਬਾਕ਼ੀ ਛੱਡ ਕੇ ਖਾਓ।

ਢਿੱਡ ਦੀਆਂ ਤਕਲੀਫ਼ਾਂ ਵਾਲ਼ੇ ਲੋਕਾਂ ਨੂੰ ਡਾਕਟਰ ਵੀ ਇਹੋ ਸਲਾਹ ਦਿੰਦੇ ਹਨ ਜੋ ਅੱਜ ਤੋਂ ਚੌਦਾਂ ਸੌ (1400) ਸਾਲ ਪਹਿਲਾਂ ਨਬੀ ਕਰੀਮ ﷺ ਨੇ ਦਿੱਤੀ ਸੀ।

ਹਜ਼ਰਤ ਮੁਸਲਿਹ ਮੌਊਦ ਰਜ਼ਿਯੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਸਾਦੀ ਜ਼ਿੰਦਗੀ ਦੀ ਵਜ੍ਹਾ ਨਾਲ਼ ਲੋਕ ਇਸ ਗੱਲ ਦੇ ਆਦੀ ਹੋ ਜਾਂਦੇ ਹਨ ਕਿ ਤਕਲੀਫ਼ਾਂ ਨੂੰ ਬਰਦਾਸ਼ਤ ਕਰ ਸਕਣ ਅਤੇ ਤਕਲੀਫ਼ ਦਿਹ ਦਿਨਾਂ ਦੇ ਬਾਵਜੂਦ ਉਨ੍ਹਾਂ ਨੂੰ ਤਕਲੀਫ਼ ਦਾ ਅਹਿਸਾਸ ਨਹੀਂ ਹੁੰਦਾ। ਫ਼ਰਮਾਇਆ ਕਿ ਜਿਵੇਂ ਅੱਜ-ਕੱਲ ਅਸੀਂ ਦੇਖ ਰਹੇ ਹਾਂ ਕਿ ਯੋਰਪ ਦੇ ਨਜ਼ਦੀਕ ਜਿਹੜੀਆਂ ਮੁਸ਼ਕਿਲਾਂ ਹਨ, ਉਹ ਸਾਡੇ **ਰੋਜ਼ਮੱਰਾ** ਦੀ ਜ਼ਿੰਦਗੀ ਦਾ ਆਮ ਹਿੱਸਾ ਹਨ। ਜਿਨ੍ਹਾਂ ਨੂੰ ਉਹ **ਆਫ਼ਤਾਂ** ਅਤੇ **ਮੁਸੀਬਤਾਂ** ਸਮਝਦੇ ਹਨ, ਉਹ ਸਾਡੇ ਲਈ ਰਾਹਤ ਅਤੇ ਆਰਾਮ ਹਨ। ਇਸ ਲਈ ਸਾਨੂੰ ਇਨ੍ਹਾਂ ਤਕਲੀਫ਼ਾਂ ਦਾ ਪਤਾ ਵੀ ਨਹੀਂ ਲੱਗਦਾ।

ਹਜ਼ਰਤ ਮੁਸਲਿਹ ਮੌਊਦ ਰਜ਼ਿਯੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਕੁੱਝ ਦਿਨ ਹੋਏ, ਕਈਆਂ ਨੇ ਮੈਨੂੰ ਕਿਹਾ ਕਿ ਕੱਪੜਿਆਂ ਦਾ ਮਿਲ਼ਣਾ ਮੁਸ਼ਕਿਲ ਹੋ ਰਿਹਾ ਹੈ, ਜਦੋਂ ਕਿ ਇੱਕ ਮੋਮਿਨ ਦੀ ਤਾਂ ਇਹ ਹਾਲਤ ਹੁੰਦੀ ਹੈ ਕਿ ਕੱਪੜਾ ਮਿਲ਼ ਗਿਆ ਤਾਂ ਪਹਿਨ ਲਿਆ, ਨਹੀਂ ਮਿਲ਼ਿਆ ਤਾਂ ਪੁਰਾਣੇ ਕੱਪੜੇ ਨੂੰ ਟਾਕੀ ਲਾ ਕੇ ਗੁਜ਼ਾਰਾ ਕਰ ਲਿਆ। ਨਬੀ ਕਰੀਮ ﷺ ਦੇ ਕੱਪੜਿਆਂ ਨੂੰ **ਟਾਕੀਆਂ** ਲੱਗੀਆਂ ਹੁੰਦੀਆਂ ਸਨ। ਕੀ ਅਸੀਂ ਉਨ੍ਹਾਂ ਤੋਂ ਵੱਡੇ ਹਾਂ ਕਿ ਆਪਣੇ ਕੱਪੜਿਆਂ ਨੂੰ ਟਾਕੀ ਨਾ ਲਾ ਸਕੀਏ?

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ-ਕੱਲ ਦੁਨੀਆ ਵਿੱਚ ਮੁਸ਼ਕਿਲਾਂ ਦੇ ਸਬੰਧ ਵਿੱਚ ਇਹੋ ਰੌਲ਼ਾ ਪਿਆ ਹੋਇਆ ਹੈ ਕਿ ਇਹ ਚੀਜ਼ ਨਹੀਂ ਮਿਲ਼ਦੀ, ਉਹ ਚੀਜ਼ ਨਹੀਂ ਮਿਲ਼ਦੀ ਅਤੇ ਜੇਕਰ **ਵਿਸ਼ਵ ਯੁੱਧ** ਸ਼ੁਰੂ ਹੋ ਗਿਆ ਤਾਂ ਫਿਰ ਪਤਾ ਨਹੀਂ ਹੋਰ ਕਿਹੋ ਜਿਹੇ ਹਾਲਾਤ ਖ਼ਰਾਬ ਹੋਣਗੇ। ਮੈਂ ਪਹਿਲਾਂ ਵੀ ਕਈ ਵਾਰ ਕਹਿ ਚੁੱਕਾ ਹਾਂ ਕਿ ਜੰਗ ਦੇ ਵਧਦੇ ਹੋਏ ਹਾਲਾਤ ਪੈਦਾ ਹੁੰਦੇ ਜਾ ਰਹੇ ਹਨ ਅਤੇ ਜੇ ਹੋਰ ਜੰਗ ਹੁੰਦੀ ਹੈ ਤਾਂ ਯੋਰਪ ਵੀ ਅਤੇ ਸਾਰੀ ਦੁਨੀਆ ਵੀ ਖ਼ੁਰਾਕ ਦੇ ਲਿਹਾਜ਼ ਨਾਲ਼ ਮੁਸ਼ਕਿਲ ਦੌਰ ਵਿੱਚੋਂ ਲੰਘੇਗੀ।

ਹਜ਼ਰਤ ਮੁਸਲਿਹ ਮੌਊਦ ਰਜ਼ਿਯੱਲਾਹੁ ਅਨਹੁ ਨੇ ਉਸ ਸਮੇਂ ਦੇ ਹਿੰਦੁਸਤਾਨ ਦੀ ਮਿਸਾਲ ਦਿੱਤੀ ਹੈ ਪਰ ਅਫ਼ਰੀਕ਼ਾ ਅਤੇ ਘੱਟ ਤਰੱਕ਼ੀ ਯਾਫ਼ਤਾ ਮੁਲਕਾਂ ਵਿੱਚ ਇਹ ਹਾਲਤ ਹੈ ਕਿ ਉਨ੍ਹਾਂ ਨੂੰ ਸਾਦਾ ਖਾਣਾ ਵੀ ਮਿਲ਼ ਜਾਵੇ ਤਾਂ ਉਹ ਬਹੁਤ ਖ਼ੁਸ਼ ਹੁੰਦੇ ਹਨ। ਉਹ ਲੋਕ ਜੰਗ ਦੇ ਹਾਲਾਤ ਬਰਦਾਸ਼ਤ ਕਰ ਲੈਣਗੇ ਪਰ ਯੋਰਪ ਅਤੇ ਇਹ ਤਰੱਕ਼ੀ ਯਾਫ਼ਤਾ ਮੁਲਕ ਬਰਦਾਸ਼ਤ ਨਹੀਂ ਕਰ ਸਕਣਗੇ ਅਤੇ ਇਹ ਹਾਲਾਤ ਉਨ੍ਹਾਂ ਨੂੰ ਬਹੁਤ ਜ਼ਿਆਦਾ ਪਰੇਸ਼ਾਨ ਕਰ ਦੇਣਗੇ।

ਇਸ ਲਈ ਸਾਨੂੰ ਵੀ ਆਪਣੀਆਂ ਹਾਲਤਾਂ ਦਾ ਜਾਇਜ਼ਾ ਲੈਂਦੇ ਰਹਿਣਾ ਚਾਹੀਦਾ ਹੈ ਅਤੇ **ਸੰਤੋਖ** ਪੈਦਾ ਕਰਨਾ ਚਾਹੀਦਾ ਹੈ। ਸਾਦੀ ਜ਼ਿੰਦਗੀ ਗੁਜ਼ਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਨਬੀ ਕਰੀਮ ﷺ ਦੇ ਨਮੂਨੇ ਅਤੇ ਉਸ ਸਮੇਂ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ। ਚੰਗੀਆਂ ਚੀਜ਼ਾਂ ਅਤੇ ਖਾਣੇ ਮੁਯੱਸਰ ਹੋਣ ਤਾਂ ਜ਼ਰੂਰ ਖਾਓ। ਚੰਗੀਆਂ ਚੀਜ਼ਾਂ ਮੁਯੱਸਰ ਹੋਣ ਤਾਂ ਜ਼ਰੂਰ ਪਹਿਨੋ। ਪਰ ਉਨ੍ਹਾਂ ਉੱਤੇ ਨਿਰਭਰ ਹੋ ਜਾਣਾ ਅਤੇ ਜੇਕਰ ਉਹ ਨਾ ਮਿਲ਼ਣ ਤਾਂ ਰੌਲ਼ਾ ਪਾਉਣਾ ਕਿ ਅਸੀਂ ਮਰ ਗਏ, ਇਹ ਗ਼ਲਤ ਗੱਲ ਹੈ।

ਬ-ਹਰ-ਹਾਲ, ਇਹ ਦੁਆ ਵੀ ਕਰਨੀ ਚਾਹੀਦੀ ਹੈ ਕਿ ਅੱਲਾਹ ਤਆਲਾ ਦੁਨੀਆ ਨੂੰ ਇਨ੍ਹਾਂ **ਆਫ਼ਤਾਂ** ਤੋਂ ਬਚਾਵੇ। ਲੋਕ ਆਪਣੇ **ਹਉਮੈ** ਦੀ ਵਜ੍ਹਾ ਨਾਲ਼ ਤਬਾਹੀ ਦੇ ਟੋਏ ਵਿੱਚ ਡਿੱਗਣ ਦੀ ਕੋਸ਼ਿਸ਼ ਕਰ ਰਹੇ ਹਨ। ਜੇਕਰ ਇਹੋ ਹਾਲਾਤ ਰਹੇ ਤਾਂ **ਵਿਸ਼ਵ ਯੁੱਧ** ਤਾਂ ਯਕ਼ੀਨੀ ਹੈ ਅਤੇ ਫਿਰ ਉਨ੍ਹਾਂ ਦੀ ਤਬਾਹੀ ਵੀ ਯਕ਼ੀਨੀ ਹੈ। ਦੂਜਿਆਂ ਦੇ ਮਾਲ ਅਤੇ ਜ਼ਮੀਨ ਉੱਤੇ

ਕ਼ਬਜ਼ਾ ਕਰਨ ਦੀ ਬਜਾਏ ਇਨ੍ਹਾਂ ਲੋਕਾਂ ਨੂੰ ਚਾਹੀਦਾ ਹੈ ਕਿ ਆਪਣੀ ਜਨਤਾ ਦੀ ਸੇਵਾ ਕਰਨ। ਅੱਲਾਹ ਤਆਲਾ ਸਾਨੂੰ ਵੀ ਨੇਕੀਆਂ ਉੱਤੇ ਕ਼ਾਇਮ ਰਹਿਣ ਦੀ ਤੌਫ਼ੀਕ਼ ਅਤਾ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞